بِسْمِ اللّٰہِ الرَّحْمٰنِ الرَّحِیْمِ نَحْمَدُہٗ وَ نُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْد
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਮਸਜਿਦ ਫ਼ਜ਼ਲ ਲੰਡਨ ਦੇ ਨੀਂਹ ਪੱਥਰ ਉੱਤੇ 100 ਸਾਲ ਹੋਣ ਦੇ ਹਵਾਲੇ ਨਾਲ ਮਸਜਿਦ ਫ਼ਜ਼ਲ ਦੇ ਇਤਿਹਾਸ ਦਾ ਸੰਖੇਪ ਵਿਵਰਨ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 18 ਅਕਤੂਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਕੱਲ੍ਹ ਯੂ ਕੇ ਜਮਾਤ ਮਸਜਿਦ ਫ਼ਜ਼ਲ ਦੇ 100 ਸਾਲ ਸੰਪੂਰਨ ਹੋਣ ਉੱਤੇ ਇੱਕ ਪ੍ਰੋਗਰਾਮ ਆਯੋਜਿਤ ਕਰ ਰਹੀ ਹੈ। ਜਿਸ ਵਿੱਚ ਗੈਰ ਮਹਿਮਾਨ, ਗੁਆਂਡੀ ਆਦਿ ਵੀ ਸੱਦੇ ਗਏ ਹਨ। ਮਸਜਿਦ ਫ਼ਜ਼ਲ ਜਮਾਤ ਅਹਮਦੀਆ ਦੀ ਪਹਿਲੀ ਮਸਜਿਦ ਹੈ। ਜੋ ਈਸਾਈਆਂ ਦੇ ਗੜ੍ਹ ਵਿੱਚ ਬਣਾਈ ਗਈ ਸੀ ਅਤੇ ਫਿਰ ਇੱਥੋਂ ਇਸਲਾਮ ਦੀ ਹਕੀਕੀ ਸਿੱਖਿਆ ਅਤੇ ਪ੍ਰਚਾਰ ਲੋਕਾਂ ਵਿੱਚ ਵੱਡੇ ਪੱਧਰ ਉੱਤੇ ਸ਼ੁਰੂ ਹੋਇਆ।

ਅੱਜ ਸਾਡੇ ਵਿਰੋਧੀ ਕਹਿੰਦੇ ਹਨ ਕਿ ਜਮਾਤ ਅਹਮਦੀਆ ਅੰਗਰੇਜ਼ਾਂ ਦਾ ਲਾਇਆ ਹੋਇਆ ਪੌਦਾ ਹੈ। ਪਰ ਹੈਰਾਨੀ ਹੈ ਕਿ ਇਸ ਪੌਦੇ ਰਾਹੀਂ ਇਨ੍ਹਾਂ ਪੱਛਮ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਕਮਜ਼ੋਰੀਆਂ, ਉਨ੍ਹਾਂ ਦੇ ਦੇਸ਼ਾਂ ਵਿੱਚ ਪ੍ਰਕਟ ਕਰਕੇ ਇਸਲਾਮ ਦੀ ਖ਼ੂਬਸੂਰਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਮਸਜਿਦ ਫ਼ਜ਼ਲ ਬਣਨ ਤੋਂ ਪਹਿਲਾਂ ਵਵਕੀਨਗ ਵਿੱਚ ਇੱਕ ਮਸਜਿਦ ਬਣਾਈ ਗਈ ਸੀ ਅਤੇ ਉਸ ਨੂੰ ਬਣਾਉਣ ਵਾਲੇ ਜੀ ਦਬਲਯੂ ਲਾਇਟਜ਼ ਸਨ। 1889ਈ ਵਿੱਚ ਉਨ੍ਹਾਂ ਨੇ ਇਹ ਬਣਵਾਈ। ਇਹ ਵੀ ਅਜੀਬ ਸੰਯੋਗ ਹੈ ਕਿ ਇਹ 1889ਈ ਉਹੀ ਸਾਲ ਹੈ। ਜੱਦ ਜਮਾਤ ਅਹਮਦੀਆ ਮੁਸਲਿਮਾ ਦੀ ਸਥਾਪਨਾ ਹੋਈ। 1889ਈ ਵਿੱਚ ਉਨ੍ਹਾਂ ਦਾ ਸਵਰਗਵਾਸ ਹੋ ਗਿਆ ਅਤੇ ਇੰਝ ਇਹ ਮਸਜਿਦ ਵੀ ਬੰਦ ਹੋ ਗਈ। ਇਸ ਮਸਜਿਦ ਨੂੰ ਸਾਂਭਣ ਵਾਲਾ ਕੋਈ ਨਹੀਂ ਸੀ। ਫਿਰ ਹਜ਼ਰਤ ਖਲੀਫ਼ਾਤੁੱਲ ਮਸੀਹ ਅਲ-ਅੱਵਲ ਰਜ਼ੀ ਅੱਲਾਹ ਅੰਨਹੁ ਦੇ ਜ਼ਮਾਨੇ ਵਿੱਚ ਖਵਾਜਾ ਕਮਾਲੁੱਦੀਨ ਸਾਹਿਬ ਇੱਥੇ ਆਏ। ਉਨ੍ਹਾਂ ਨੇ ਉਸ ਨੂੰ ਖੁੱਲਵਾਉਣ ਦੀ ਕੋਸ਼ਿਸ਼ ਕੀਤੀ ਅਤੇ ਉਹ ਕਾਮਯਾਬ ਹੋ ਗਏ। ਉਨ੍ਹਾਂ ਨੇ ਹਜ਼ਰਤ ਖਲੀਫ਼ਾਤੁੱਲ ਮਸੀਹ ਅਲ-ਅੱਵਲ ਰਜ਼ੀ ਅੱਲਾਹ ਅੰਨਹੁ ਨੂੰ ਲਿੱਖਿਆ ਕਿ ਹੁਣ ਇਸ ਮਸਜਿਦ ਦਾ ਇੱਕ ਟਰੱਸਟ ਬਣਾਇਆ ਗਿਆ ਹੈ। ਜਿਸ ਦਾ ਨਿਗਰਾਨ ਮੈਨੂੰ ਬਣਾਇਆ ਗਿਆ ਹੈ ਅਤੇ ਫਿਰ ਦੁਬਾਰਾ ਉਸ ਵਿੱਚ ਇਬਾਦਤ ਸ਼ੁਰੂ ਹੋ ਗਈ। ਜੱਦ ਇਹ ਮਸਜਿਦ ਖੋਲ੍ਹੀ ਗਈ ਤਾਂ ਖਵਾਜਾ ਸਾਹਿਬ ਦੇ ਨਾਲ ਹਜ਼ਰਤ ਚੌਧਰੀ ਜ਼ਫ਼ਰੁੱਲਾਹ ਖਾਂ ਸਾਹਿਬ ਰਜ਼ੀ ਅੱਲਾਹ ਅੰਨਹੁ ਵੀ ਉੱਥੇ ਗਏ ਅਤੇ ਨਫ਼ਲ ਅਦਾ ਕੀਤੇ ਅਤੇ ਖ਼ੂਬ ਦੁਆਵਾਂ ਕੀਤੀਆਂ।

ਉਸ ਦੇ ਕੁੱਝ ਸਮੇਂ ਬਾਦ ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਪ੍ਰਚਾਰਕਾਂ ਦੀ ਤਹਰੀਕ ਕੀਤੀ ਅਤੇ ਫੰਡ ਨ ਹੋਣ ਦੇ ਬਾਦ ਵੀ ਚੌਧਰੀ ਫਤਹਿ ਮੁਹੱਮਦ ਸਿਆਲ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਉੱਥੇ ਭੇਜਿਆ ਗਿਆ। ਉਨ੍ਹਾਂ ਨੇ ਖਵਾਜਾ ਸਾਹਿਬ ਦੇ ਨਾਲ ਉੱਥੇ ਕੰਮ ਕੀਤਾ। ਫਿਰ ਹਜ਼ਰਤ ਖਲੀਫ਼ਾਤੁੱਲ ਮਸੀਹ ਅਲ-ਅੱਵਲ ਰਜ਼ੀ ਅੱਲਾਹ ਅੰਨਹੁ ਦੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ ਖਵਾਜਾ ਸਾਹਿਬ ਨੇ ਖਿਲਾਫ਼ਤੇ ਸਾਨੀਆ (ਅਰਥਾਤ ਦੂਜੇ ਖਲੀਫ਼ਾ) ਦੀ ਬੈਅਤ ਕਰਨ ਤੋਂ ਇੰਨਕਾਰ ਕਰ ਦਿੱਤਾ। ਇਸ ਉੱਤੇ ਚੌਧਰੀ ਫਤਹਿ ਮੁਹੱਮਦ ਸਿਆਲ ਸਾਹਿਬ ਰਜ਼ੀ ਅੱਲਾਹ ਅੰਨਹੁ ਉਨ੍ਹਾਂ ਨੂੰ ਛੱਡ ਕੇ ਦੂਜੀ ਥਾਂ ਚਲੇ ਗਏ। ਇਹ ਵਵਕੀਨਗ ਦੀ ਮਸਜਿਦ ਸੀ। ਪਰ ਪੱਕੇ ਤੌਰ ਉੱਤੇ ਮੁਸਲਮਾਨ ਫਿਰਕੇ ਜਾਂ ਜਮਾਤ ਵਲੋਂ ਮਸਜਿਦ ਫ਼ਜ਼ਲ ਹੀ ਬਣਾਈ ਗਈ ਹੈ। ਬੇਸ਼ੱਕ ਅੱਜ ਇੰਗਲੈਂਡ ਵਿੱਚ ਵੀ, ਲੰਡਨ ਵਿੱਚ ਵੀ ਅਤੇ ਪੱਛਮੀ ਦੇਸ਼ਾਂ ਵਿੱਚ ਵੀ ਮੁਸਲਮਾਨਾਂ ਦੀਆਂ ਬਹੁਤ ਸਾਰੀਆਂ ਮਸਜਿਦਾਂ ਹਨ। ਪਰ ਲੰਡਨ ਵਿੱਚ ਮੁਸਲਮਾਨਾਂ ਦੀ ਪਹਿਲੀ ਮਸਜਿਦ ਹੋਣ ਦਾ ਮਾਣ ਮਸਜਿਦ ਫ਼ਜ਼ਲ ਨੂੰ ਹੀ ਪ੍ਰਾਪਤ ਹੈ।

ਜਮਾਤ ਅਹਮਦੀਆ ਦੀ ਇਹ ਖੂਬੀ ਹੈ ਕਿ ਉਸ ਦੀਆਂ ਮਸਜਿਦਾਂ ਜਮਾਤ ਦੇ ਲੋਕਾਂ ਦੇ ਚੰਦੇ ਨਾਲ ਅਤੇ ਕੁਰਬਾਨੀਆਂ ਨਾਲ ਬਣਾਈ ਜਾਂਦੀਆਂ ਹਨ। ਹੁਣ ਤਾਂ ਇੰਗਲੈਂਡ ਵਿੱਚ ਵੀ ਜਮਾਤ ਦੀਆਂ ਦਰਜਨਾਂ ਮਸਜਿਦਾਂ ਬਣ ਚੁੱਕਿਆ ਹਨ। ਸੋ, ਅੱਜ ਮਸਜਿਦ ਫ਼ਜ਼ਲ ਦੇ ਹਵਾਲੇ ਨਾਲ ਮੈਂ ਕੁੱਝ ਬਿਆਨ ਕਰਾਂਗਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਪੱਛਮ ਵਿੱਚ ਇਸਲਾਮ ਦੇ ਫੈਲਣ ਦੇ ਹਵਾਲੇ ਨਾਲ ਬਹੁਤ ਕੁੱਝ ਬਿਆਨ ਫ਼ਰਮਾਇਆ ਹੈ। ਇਹੀ ਚੀਜ਼ ਸਾਡੇ ਪ੍ਰਚਾਰ ਦੇ ਕੰਮਾਂ ਦੀ ਨੀਂਹ ਹੈ। ਇੱਕ ਥਾਂ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਪੱਛਮ ਵਲੋਂ ਸੂਰਜ ਦਾ ਚੜ੍ਹਨਾ ਇਹ ਅਰਥ ਰੱਖਦਾ ਹੈ ਕਿ ਇਹ ਪੱਛਮੀ ਦੇਸ਼ ਜੋ ਆਰੰਭ ਤੋਂ ਹਨ੍ਹੇਰੇ ਅਤੇ ਕੁਫ਼ਰ ਵਿੱਚ ਹਨ। ਸੱਚਾਈ ਦੇ ਸੂਰਜ ਨਾਲ ਰੌਸ਼ਨ ਕੀਤੇ ਜਾਣਗੇ।

ਆਪਣਾ ਇੱਕ ਦਰਿਵ ਦ੍ਰਿਸ਼ ਬਿਆਨ ਕਰਦੇ ਹੋਏ ਆਪ ਅਲੈਹਿ ਸਲਾਮ ਨੇ ਫ਼ਰਮਾਇਆ : ਮੈਂ ਵੇਖਿਆ ਕਿ ਮੈਂ ਸ਼ਹਿਰ ਲੰਡਨ ਵਿੱਚ ਇੱਕ ਮੈਂਬਰ ਉੱਤੇ ਖੜ੍ਹਾ ਹਾਂ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਮਾਣਾ ਨਾਲ ਇਸਲਾਮ ਦੀ ਸੱਚਾਈ ਪ੍ਰਕਟ ਕਰ ਰਿਹਾ ਹਾਂ। ਉਸ ਦੇ ਬਾਦ ਮੈਂ ਬਹੁਤ ਸਾਰੇ ਪਰਿੰਦੇ ਫੜੇ। ਜੋ ਨਿੱਕੇ ਨਿੱਕੇ ਬੂਟੀਆਂ ਉੱਤੇ ਬਹਿਠੇ ਹੋਏ ਸਨ ਅਤੇ ਉਨ੍ਹਾਂ ਦੇ ਰੰਗ ਚਿੱਟੇ ਸਨ। ਸੋ, ਮੈਂ ਇਸ ਦੇ ਅਰਥ ਇਹ ਕੱਢੇ ਕਿ ਜੇਕਰ ਮੈਂ ਨਹੀਂ ਤਾਂ ਮੇਰੀਆਂ ਲਿੱਖਤਾਂ ਉਨ੍ਹਾਂ ਵਿੱਚ ਫੈਲਣਗੀਆਂ ਅਤੇ ਬਹੁਤ ਸਾਰੇ ਨੇਕ ਅੰਗਰੇਜ਼ ਸੱਚਾਈ ਨੂੰ ਮੰਨ ਲੈਣਗੇ।

ਚੌਧਰੀ ਫਤਹਿ ਮੁਹੱਮਦ ਸਿਆਲ ਸਾਹਿਬ ਰਜ਼ੀ ਅੱਲਾਹ ਅੰਨਹੁ ਇੰਗਲੈਂਡ ਦੇ ਪਹਿਲੇ ਪ੍ਰਚਾਰਕ ਸਨ। ਉਨ੍ਹਾਂ ਨੂੰ ਰੱਬ ਨੇ ਇੱਥੇ ਪਹਿਲਾ ਫ਼ਲ ਵੀ ਬਖਸ਼ਿਆ ਅਤੇ ਪਹਿਲੇ ਅਹਮਦੀ ਮਿਸਟਰ ਕੋਰੀਓਪਰ ਸਨ। ਜੋ ਇੱਕ ਪੱਤਰਕਾਰ ਸਨ। ਉਨ੍ਹਾਂ ਦੇ ਬਾਦ ਇੱਕ ਦਰਜਨ ਦੇ ਕਰੀਬ ਲੋਕ ਜਮਾਤ ਅਹਮਦੀਆ ਵਿੱਚ ਦਾਖਲ ਹੋਏ। ਫਿਰ ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਸਿਆਲ ਸਾਹਿਬ ਨੂੰ ਵਾਪਸ ਸੱਦ ਲਿਆ ਅਤੇ ਕਾਜ਼ੀ ਅਬਦੁੱਲਾਹ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਪ੍ਰਚਾਰਕ ਵੱਜੋਂ ਭੇਜਿਆ ਗਿਆ। ਇਹ ਵੀ ਸਹਾਬੀ ਸਨ ਅਤੇ ਉਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਦੇ ਸਮੇਂ ਵਿੱਚ ਇੱਥੇ ਕੰਮ ਕੀਤਾ। ਉਨ੍ਹਾਂ ਦੇ ਸਮੇਂ ਵਿੱਚ ਇੱਕ ਕਿਰਾਏ ਦਾ ਘਰ ਵੀ ਲਿਆ ਗਿਆ। 1917ਈ ਤੋਂ ਜਨਵਰੀ 1920ਈ ਤੱਕ ਹਜ਼ਰਤ ਮੁਹੱਮਦ ਸਾਦਿਕ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਵੀ

ਇੱਥੇ ਪ੍ਰਚਾਰਕ ਵੱਜੋਂ ਕੰਮ ਕੀਤਾ । 1919ਈ ਵਿੱਚ ਚੌਧਰੀ ਫਤਹਿ ਮੁਹੰਮਦ ਸਿਆਲ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਦੁਬਾਰਾ ਅਤੇ ਅਬਦੁੱਰਹੀਮ ਨੱਯਰ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਪ੍ਰਚਾਰਕ ਵੱਜੋਂ ਇੱਥੇ ਭੇਜਿਆ ਗਿਆ। ਉਨ੍ਹਾਂ ਨੇ ਅਥਾਹ ਕੰਮ ਕੀਤਾ। 1920ਈ ਵਿੱਚ ਫਤਹਿ ਮੁਹੰਮਦ ਸਿਆਲ ਸਾਹਿਬ ਰਜ਼ੀ ਅੱਲਾਹ ਅੰਨਹੁ ਨੂੰ ਹਜ਼ਰਤ ਮੂਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਆਦੇਸ਼ ਦਿੱਤਾ ਕਿ ਇੰਗਲੈਂਡ ਵਿੱਚ ਕੋਈ ਥਾਂ ਖਰੀਦਣ ਜਿੱਥੇ ਮਸਜਿਦ ਬਣਾਈ ਜਾਵੇ। ਸੋ, 2200 ਪੌਂਡ ਤੋਂ ਵੱਧ ਰਕਮ ਨਾਲ ਇਹ ਥਾਂ ਪੱਟਣੀ ਦੇ ਇਲਾਕੇ ਵਿੱਚ ਖਰੀਦੀ ਗਈ।

ਹਜ਼ਰਤ ਮੂਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੂੰ ਜੱਦ ਇਸ ਦੀ ਖਬਰ ਮਿਲੀ। ਉਸ ਸਮੇਂ ਆਪ ਰਜ਼ੀ ਅੱਲਾਹ ਅੰਨਹੁ ਦਲਹੌਜ਼ੀ ਵਿੱਚ ਸਨ। ਆਪ ਰਜ਼ੀ ਅੱਲਾਹ ਅੰਨਹੁ ਨੇ ਉੱਥੇ ਇੱਕ ਵੱਡਾ ਪ੍ਰੋਗਰਾਮ ਕੀਤਾ ਅਤੇ ਮਸਜਿਦ ਦਾ ਨਾਂ ਮਸਜਿਦ ਫ਼ਜ਼ਲ ਰੱਖਿਆ। ਫਿਰ ਇਸ ਮਸਜਿਦ ਦੇ ਬਣਾਉਣ ਲਈ ਚੰਦੇ ਦੀ ਤਹਰੀਕ ਕੀਤੀ ਗਈ। 1924ਈ ਵਿੱਚ ਵੇਮਬਲੇ ਨੁਮਾਇਸ਼ ਲਈ ਅਬਦੁੱਰਹੀਮ ਨੱਯਰ ਸਾਹਿਬ ਨੂੰ ਇਸਲਾਮ ਦੀ ਸਿੱਖਿਆ ਬਿਆਨ ਕਰਨ ਲਈ ਸੱਦਿਆ ਗਿਆ ਤਾਂ ਉਨ੍ਹਾਂ ਨੇ ਕਾਦੀਆਂ ਖਬਰ ਭੇਜੀ। ਹਜ਼ਰਤ ਮੂਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਉਸ ਨੂੰ ਕਬੂਲ ਕਰਦੇ ਹੋਏ ਇਸਲਾਮ ਦੀਆਂ ਖ਼ੂਬੀਆਂ ਬਿਆਨ ਕਰਨ ਲਈ ਇੱਕ ਕਿਤਾਬ ਲਿੱਖੀ। ਜੋ **ਅਹਮਦੀਅਤ ਅਰਥਾਤ ਹਕੀਕੀ ਇਸਲਾਮ** ਦੇ ਨਾਂ ਨਾਲ ਪ੍ਰਕਾਸ਼ਿਤ ਹੋਈ ਹੈ।

ਹਜ਼ਰਤ ਮੂਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਦਮਸ਼ਕ ਅਤੇ ਮਿਸਰ ਹੁੰਦੇ ਹੋਏ ਇਟਲੀ, ਸੁਵੀਜ਼ਰਲੈਂਡ ਅਤੇ ਫਰਾਂਸ ਤੋਂ ਹੁੰਦੇ ਹੋਏ 22 ਅਗਸਤ 1924ਈ ਨੂੰ ਇੰਗਲੈਂਡ ਪਹੁੰਚੇ। ਇੱਥੇ ਸੈਂਟ ਪੌਲ ਚਰਚ ਦੇ ਸਾਮ੍ਹਣੇ ਖੜ੍ਹੇ ਹੋ ਕੇ ਆਪ ਰਜ਼ੀ ਅੱਲਾਹ ਅੰਨਹੁ ਨੇ ਰੱਬ ਤੋਂ ਇਸਲਾਮ ਦੀ ਫਤਹਿ ਲਈ ਦੁਆ ਕੀਤੀ ਅਤੇ ਫਿਰ ਆਪ ਰਜ਼ੀ ਅੱਲਾਹ ਅੰਨਹੁ ਸ਼ਹਿਰ ਵਿੱਚ ਦਾਖਲ ਹੋਏ। ਆਪ ਰਜ਼ੀ ਅੱਲਾਹ ਅੰਨਹੁ ਦੇ ਆਗਮਨ ਨੂੰ ਇੱਥੇ ਦੀ ਪ੍ਰੈਸ ਵਿੱਚ ਕਈ ਕਾਰਨਾਂ ਕਰਕੇ ਬਹੁਤ ਕਵਰੇਜ ਮਿਲੀ।

ਮਸਜਿਦ ਬਣਨ ਸੰਬੰਧੀ ਸਭ ਤੋਂ ਪਹਿਲਾ ਮਰਹਲਾ ਪੈਸੇ ਆਉਣ ਦਾ ਸੀ। ਉਹ ਇੰਝ ਹੋਇਆ ਕਿ ਜੰਗ ਦੇ ਖਤਮ ਹੋਣ ਦੇ ਬਾਦ ਇੱਕ ਅਜਿਹਾ ਜ਼ਮਾਨਾ ਆਇਆ ਕਿ ਪੌਂਡ ਦੀ ਕੀਮਤ ਡਿਗਣੀ ਸ਼ੁਰੂ ਹੋ ਗਈ ਅਤੇ ਇਸ ਮੌਕੇ ਉੱਤੇ 1920ਈ ਵਿੱਚ ਹਜ਼ੂਰ ਰਜ਼ੀ ਅੱਲਾਹ ਅੰਨਹੁ ਦੇ ਆਦੇਸ਼ ਉੱਤੇ ਪਹਿਲਾਂ 30,000 ਅਤੇ ਫਿਰ 1,00,000 ਰੁਪਏ ਜਮ੍ਹਾਂ ਕਰਨ ਦੀ ਤਹਰੀਕ ਕੀਤੀ ਗਈ। ਅਹਮਦੀਆਂ ਨੇ ਇਸ ਤਹਰੀਕ ਉੱਤੇ ਭਰਪੂਰ ਲਬੇਕ ਕਿਹਾ। ਬੈਂਕ ਆਫ਼ ਇੰਡੀਆ ਰਾਹੀਂ ਇਹ ਰਕਮ ਇੰਗਲੈਂਡ ਭੇਜੀ ਗਈ ਅਤੇ ਇਸ ਰਕਮ ਤੋਂ 3468 ਪੌਂਡ ਖਰੀਦੇ ਗਏ। 19 ਅਕਤੂਬਰ 1924ਈ ਐਤਵਾਰ ਦੇ ਦਿਨ ਇਸ ਮਸਜਿਦ ਦਾ ਨੀਂਹ ਪੱਥਰ ਰੱਖਿਆ ਗਿਆ।

ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਪਾਰਲੀਮਾਨ ਦੇ ਮੈਂਬਰ, ਲੀਡਰ, ਸਿਆਸਤਦਾਨ, ਅੰਬੈਸੀ ਦੇ ਮੁਲਾਜ਼ਮ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਸੱਦਾ ਪੱਤਰ ਭੇਜਿਆ ਗਿਆ। ਖਿਆਲ ਸੀ ਕਿ ਲੋਕ ਘੱਟ ਆਉਣਗੇ ਪਰ ਮਹਿਮਾਨਾਂ ਦੀ ਵੱਡੀ ਗਿਣਤੀ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਈ। ਵੱਖੋ ਵੱਖ ਦੇਸ਼ਾਂ ਦੇ ਨੁਮਾਇੰਦੇ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਅਤੇ ਪ੍ਰੋਗਰਾਮ ਬਹੁਤ ਕਾਮਯਾਬ ਰਿਹਾ। ਨੀਂਹ ਪੱਥਰ ਦੇ ਪ੍ਰੋਗਰਾਮ ਦੇ ਆਰੰਭ

ਵਿੱਚ ਹਜ਼ਰਤ ਹਾਫਿਜ਼ ਰੌਸ਼ਨ ਅਲੀ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਤਿਲਾਵਤ ਕੀਤੀ। ਉਸ ਦੇ ਬਾਦ ਹਜ਼ਰਤ ਖਲੀਫ਼ਾਤੁੱਲ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੁ ਨੇ ਖਿਤਾਬ ਫ਼ਰਮਾਇਆ।

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਫ਼ਰਮਾਇਆ ਕਿ ਕੁਰਾਨ ਸ਼ਰੀਫ ਦੇ ਆਦੇਸ਼ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਅਮਲ ਤੋਂ ਸਾਬਤ ਹੈ ਕਿ ਇਸਲਾਮੀ ਮਸਾਜਿਦ ਦਾ ਬੂਹਾ ਹਰ ਉਸ ਵਿਅਕਤੀ ਲਈ ਖੁੱਲ੍ਹਾ ਹੈ। ਜੋ ਰੱਬ ਦੀ ਇਬਾਦਤ ਕਰਨਾ ਚਾਹੁੰਦਾ ਹੈ ਅਤੇ ਇਸਲਾਮੀ ਮਸਾਜਿਦ ਵੱਖੋ ਵੱਖ ਧਰਮਾਂ ਦੇ ਲੋਕਾਂ ਨੂੰ ਜਮ੍ਹਾਂ ਕਰਨ ਦਾ ਕੇਂਦਰ ਹੈ। ਇਨ੍ਹਾਂ ਜਜ਼ਬਾਤਾਂ ਨਾਲ ਅਸੀਂ ਅਰਥਾਤ ਜਮਾਤ ਅਹਮਦੀਆ ਨੇ ਇਹ ਮਸਜਿਦ ਬਣਾਉਣ ਦਾ ਇਰਾਦਾ ਕੀਤਾ ਹੈ। ਫ਼ਰਮਾਇਆ : ਇਸ ਤੋਂ ਪਹਿਲਾਂ ਕਿ ਮੈਂ ਇਸ ਮਸਜਿਦ ਦਾ ਨੀਂਹ ਪੱਥਰ ਰੱਖਾਂ। ਮੈਂ ਇਸ ਗੱਲ੍ਹ ਦਾ ਐਲਾਨ ਕਰਨਾ ਚਾਹੁਣਾ ਕਿ ਮਸਜਿਦ ਕੇਵਲ ਰੱਬ ਦੀ ਇਬਾਦਤ ਲਈ ਬਣਾਈ ਜਾਂਦੀ ਹੈ।

ਨੀਂਹ ਪੱਥਰ ਦੇ ਦੋ ਸਾਲ ਬਾਦ ਇਸ ਮਸਜਿਦ ਦਾ ਉਦਘਾਟਨ ਹੋਇਆ। ਉਦਘਾਟਨ ਕਰਨ ਲਈ ਸ਼ਹਿਜ਼ਾਦਾ ਫੈਸਲ ਨੇ ਆਉਣਾ ਸੀ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਜਾਣ। ਪਰ ਮੁਸਲਮਾਨਾਂ ਦੇ ਰੱਦੇ ਅਮਲ ਕਰਕੇ ਬਾਦਸ਼ਾਹ ਨੇ ਉਨ੍ਹਾਂ ਨੂੰ ਰੋਕ ਦਿੱਤਾ ਅਤੇ ਫਿਰ ਸ਼ੇਖ ਅਬਦੁੱਲ ਕਾਦਰ ਸਾਹਿਬ ਨੇ ਉਸ ਦਾ ਉਦਘਾਟਨ ਕੀਤਾ ਅਤੇ ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿੱਚ ਦੱਸਿਆ ਕਿ ਮੈਂ ਅਹਮਦੀ ਨਹੀਂ ਹਾਂ। ਪਰ ਕਿਉਂਕਿ ਅਸੀਂ ਇਸਲਾਮ ਦੀ ਸੇਵਾ ਕਰਨਾ ਚਾਹੁਦੇ ਹਾਂ। ਇਸ ਲਈ ਸਾਨੂੰ ਹਰੇਕ ਗੱਲ੍ਹ ਤੋਂ ਉੱਤੇ ਹੋ ਕੇ ਇੱਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ। ਇਹ ਸ਼ੇਖ ਅਬਦੁੱਲ ਕਾਦਰ ਸਾਹਿਬ ਦਾ ਹੌਂਸਲਾ ਅਤੇ ਖੁੱਲ੍ਹਾ ਦਿੱਲ੍ਹ ਸੀ। ਰੱਬ ਇਸ ਦਾ ਉਨ੍ਹਾਂ ਨੂੰ ਚੰਗਾ ਬਦਲਾ ਦੇਵੇ।

ਇਹ ਮਸਜਿਦ ਫ਼ਜ਼ਲ ਦਾ ਸੰਖੇਪ ਇਤਿਹਾਸ ਹੈ। ਜੋ ਮੈਂ ਬਿਆਨ ਕੀਤਾ ਹੈ ਅਤੇ ਇਹੀ ਇਸ ਮਸਜਿਦ ਦੇ ਬਣਾਉਣ ਦਾ ਉਦੇਸ਼ ਸੀ ਕਿ ਪੱਛਮ ਵਿੱਚ ਇਸਲਾਮ ਦਾ ਪ੍ਰਚਾਰ ਹੋਵੇ।

ਅੱਜ ਅਸੀਂ 100 ਸਾਲ ਪੂਰੇ ਹੋਣ ਉੱਤੇ ਪ੍ਰੋਗਰਾਮ ਆਯੋਜਿਤ ਕਰ ਰਹੇ ਹਨ। ਪਰ ਇਹ ਕੋਈ ਸੰਸਾਰਿਕ ਪ੍ਰੋਗਰਾਮ ਨਹੀਂ ਹੈ। ਮਸਜਿਦ ਤਾਂ ਉਹ ਥਾਂ ਹੈ, ਜਿੱਥੇ ਰੱਬ ਦੀ ਇਬਾਦਤ ਲਈ ਲੋਕ ਜਮ੍ਹਾਂ ਹੋਣ ਅਤੇ ਰੱਬ ਦੀ ਇਬਾਦਤ ਕਰਨ ਅਤੇ ਆਪਸ ਵਿੱਚ ਇੱਕ ਦੂਜੇ ਦੇ ਹੱਕ ਅਦਾ ਕਰਨ ਵਾਲੇ ਹੋਣ। ਆਪਣਾ ਰੂਹਾਨੀ ਸੁਧਾਰ ਵੀ ਕਰਨ ਆਪਣੇ ਆਚਰਣ ਵੀ ਚੰਗੇ ਕਰਨ। ਅੱਜ ਅਸੀਂ ਇਸ ਗੱਲ੍ਹ ਦੀ ਕੋਸ਼ਿਸ਼ ਕਰਨੀ ਹੈ ਕਿ ਅਸੀਂ ਰੱਬ ਦੀ ਇਬਾਦਤ ਦਾ ਹੱਕ ਅਦਾ ਕਰਨ ਵਾਲੇ ਬਣਨ। ਰੱਬ ਦੇ ਆਦੇਸ਼ਾਂ ਉੱਤੇ ਚੱਲਣ ਵਾਲੇ ਹੋਣ। ਉਸ ਦੀ ਮੱਖਲੂਕ ਦੇ ਹੱਕ ਅਦਾ ਕਰਨ ਵਾਲੇ ਬਣਨ। ਜੇਕਰ ਇੰਝ ਹੋ ਜਾਵੇ ਤਾਂ ਤੱਦ ਹੀ ਅਸੀਂ ਇਸ ਸੰਸਾਰ ਨੂੰ ਅਮਨ ਅਤੇ ਸਲਾਮਤੀ ਦੀ ਥਾਂ ਬਣਾ ਸਕਣਗੇ। ਰੱਬ ਸਾਨੂੰ ਇਸ ਦੀ ਤੌਫ਼ੀਕ ਬਖਸ਼ੇ। ਆਮੀਨ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا
وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا
عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ
وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ